ਪੇਸ਼ ਕਰਦੇ ਹਨ
LFP9001XL

# LUBERFINER®

**BUILT TO DO MORE®**




## ਬੜੀ ਮੁਹਾਰਤ ਨਾਲ਼ ਬਣਾਏ ਗਏ ਫੁੱਲ ਫ਼ਲੋਅ ਆਇਲ ਫ਼ਿਲਟਰਜ਼

# ਹੈਵੀ ਡਿਊਟੀ ਇੰਜਣਾਂ ਦੇ ਲਈ

# ਪਿਛਲੇ ਕਈ ਸਾਲਾਂ ਤੋਂ
# ਇੱਕ ਵੱਡੀ ਗਲਤ ਧਾਰਨਾ ਬਣੀ ਹੋਈ ਸੀ
## ਹੈਵੀ ਡਿਊਟੀ ਆਇਲ ਫ਼ਿਲਟ੍ਰੇਸ਼ਨ ਸੰਬੰਧੀ




ਬਣਾਉਣ ਵਾਲ਼ੇ ਦੀ ਉਲਝਣ ਭਰੀ ਗੁਮਰਾਹ ਕਰਣ ਵਾਲੀ ਵਾਰੰਟੀ ਦੀ ਸ਼ਬਦਾਵਲੀ ਅਤੇ ਹਾਲ 'ਚ ਬਣੀ ਫਿਲਟਰ ਤਕਨੀਕ ਦੀ ਗਲਤ ਪੇਸ਼ਕਾਰੀ ਕਰਕੇ, ਬਹੁਤ ਸਾਰੇ ਆਪਰੇਟਰ ਇਹ ਯਕੀਨ ਕਰਨ ਲੱਗ ਪਏ ਕਿ ਉਨ੍ਹਾਂ ਦੇ ਇੰਜਣਾਂ 'ਚ ਹਰ ਹਾਲਤ 'ਚ ਇਸ ਤਰ੍ਹਾਂ ਦੇ ਕੰਬੀਨੇਸ਼ਨ ਫਿਲਟਰ ਹੋਣੇ ਚਾਹੀਦੇ ਹਨ ਜਿਹੜੇ ਬਾਈ ਪਾਸ ਮੀਡੀਆ ਅਤੇ ਵੈਂਚੁਰੀ ਤਕਨੀਕ ਦੀ ਵਰਤੋਂ ਕਰਣ - ਜੇ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਕੰਪਨੀ ਵਲੋਂ ਦਿੱਤੀ ਗਈ ਇੰਜਣ ਦੀ ਵਾਰੰਟੀ ਖਤਮ ਹੋ ਜਾਵੇਗੀ ।

ਇਸ ਗਲਤ ਧਾਰਨਾ ਨੇ ਇਕੱਲੀਆਂ ਮਾਰਕਿਟ 'ਚ ਫ਼ਿਲਟਰਾਂ ਦੀਆਂ ਆਪਸ਼ਨਾਂ ਹੀ ਸੀਮਤ ਨਹੀਂ ਕੀਤੀਆਂ ਸਗੋਂ ਬਹੁਤ ਸਾਰੇ ਆਪਰੇਟਰਾਂ ਨੂੰ ਆਇਲ ਫ਼ਿਲਟਰ ਦੀ ਗੁਣਵੱਤਾ ਅਤੇ ਵੱਧੋ ਵੱਧ ਸਮਰੱਥਾ ਨੂੰ ਪ੍ਰਾਪਤ ਕਰਣ ਤੋਂ ਵੀ ਰੋਕਿਆ।

## LUBER-FINER® ਵੱਲੋਂ ਸਾਰੇ ਮੁੱਖ ਇੰਜਣਾਂ ਲਈ ਪੇਸ਼ ਹੈ ਭਰੋਸੇਯੋਗ ਫੁੱਲ ਫਲੋਅ ਫਿਲਟ੍ਰੇਸ਼ਨ:

| | | |
|---|---|---|
| Cummins | Mack Volvo | Detroit Diesel |
| Caterpillar | Paccar | International |

ਜਦੋਂ ਇਸ ਨੂੰ OEM ਵਾਰੰਟੀ ਵਲੋਂ ਨਿਰਧਾਰਤ ਕੀਤੇ ਗਏ ਸਮੇਂ ਅੰਦਰ ਬਦਲਿਆ ਜਾਂਦਾ ਹੈ ਤਾਂ

**LUBER-FINER® ਆਇਲ ਫਿਲਟਰਜ਼ ਤੁਹਾਡੇ ਇੰਜਣ ਦੀ ਕੰਪਨੀ ਵਲੋਂ ਦਿੱਤੀ ਗਈ ਪਹਿਲੀ ਵਾਰੰਟੀ ਨੂੰ ਖਤਮ ਕਰਕੇ ਇਸ ਨੂੰ ਵਿਅਰਥ ਨਹੀਂ ਜਾਣ ਦਿੰਦਾ।**




# ਇੱਕ ਆਇਲ ਫਿਲਟਰ ਦਾ ਸਹੀ ਮੰਤਵ...

ਹੈ, ਉਨ੍ਹਾਂ ਕਣਾਂ ਅਤੇ ਮਿਲਾਵਟ ਨੂੰ ਰੋਕਣਾ ਜੋ ਇੰਜਣ ਦਾ ਨੁਕਸਾਨ ਕਰਦੇ ਹਨ। ਇਹ ਕਣ ਬਾਹਰੋਂ ਹੀ ਆਏ ਹੁੰਦੇ ਹਨ ਜਿਵੇਂ ਕਿ:





ਕੁੱਝ ਉਤਪਾਦਕਾਂ ਵਲੋਂ ਆਪਣੇ ਫਿਲਟਰਾਂ ਨੂੰ ਧੁਆਂਖ ਅਤੇ ਤੇਲ ਦੀ ਗੰਦਗੀ ਦਾ ਮੁਕਾਬਲਾ ਕਰਨ ਵਾਲ਼ੇ ਫਿਲਟਰਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਜਿੱਥੇ ਕਿ ਧੁਆਂਖ ਅਤੇ ਤੇਲ ਦੀ ਗੰਦਗੀ ਨੂੰ ਸਾਫ ਕਰਨ ਨਾਲ਼ ਤੇਲ ਦੀੌ ਸਮੁੱਚੀ ਕਾਰਗੁਜ਼ਾਰੀ ‘ਤੇ ਅਸਰ ਪੈਂਦਾ ਹੈ ਉੱਥੇ ਨਾਲ਼ ਹੀ ਹੁਣ ਨਵੀਨ ਸਿੰਥੈਟਿਕ ਆਇਲ ਬਲੈਂਡ ਬਣਾਏ ਹੀ ਇਸ ਤਰ੍ਹਾਂ ਦੇ ਹਨ ਜਿਹੜੇ ਤੇਲ ਦੀ ਗੰਦਗੀ ਨੂੰ ਜੰਮਣ ਹੀ ਨਹੀਂ ਦਿੰਦੇ। ਇਸ ਲਈ ਤੁਹਾਡੇ ਫਿਲਟਰਾਂ ਦੀ ਮੁੱਖ ਜ਼ੁੰਮੇਵਾਰੀ ਇਨ੍ਹਾਂ ਨੂੰ ਸਾਫ ਕਰਨ ਦੀ ਹੀ ਨਹੀਂ ਹੋਣੀ ਚਾਹੀਦੀ। ਲੂਬਰ ਫਾਈਨਰ ਫੁੱਲ ਫਲੋਅ ਟੈਕਨਾਲੋਜੀ ਕੰਬੀਨੇਸ਼ਨ ਬਾਈ ਪਾਸ ਫਿਲਟਰ ਰਾਹੀਂ ਕਣਾਂ ਦੀ ਰਹਿੰਦ ਖੂੰਹਦ ਨੂੰ ਰੋਕਣ ‘ਚ ਕਮਾਲ ਦਾ ਕੰਮ ਕਰ ਰਹੀ ਹੈ। ਨਾਲ਼ ਹੀ ਤੇਲ਼ ਦੇ ਵਹਾਅ ‘ਚ ਵੀ ਬਹੁਤਾ ਫਰਕ ਨਹੀਂ ਪੈਂਦਾ। ਜਿਹੜੇ ਮੁਕਾਬਲੇ ‘ਚ ਲੋਕਾਂ ਵੱਲੋਂ ਇਸ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ ਉਨ੍ਹਾਂ ਦੇ ਗੁਮਰਾਹਕੁਨ ਝਾਂਸੇ ‘ਚ ਨਾ ਆਉਣਾ।

## ਇੱਕ ਆਇਲ ਫਿਲਟਰ ਦੀ ਪਰਖ ਸਿਰਫ ਤਿੰਨ ਹੀ ਕਸਵੱਟੀਆਂ ‘ਤੇ ਕਰਨੀ ਚਾਹੀਦੀ ਹੈ, ਜੋ ਹਨ;

**ਕਾਰਜਕੁਸ਼ਲਤਾ**
ਉਸ ਦੀ ਕਾਰਜਕੁਸ਼ਲਤਾ ਕਿ ਉਹ ਕਣਾਂ ਨੂੰ ਕਿਵੇਂ ਕੱਢਦਾ ਹੈ

**ਸਮਰੱਥਾ**
ਕਿੰਨੇ ਕੁ ਕਣ ਇਹ ਸਮਾ ਸਕਦਾ ਹੈ

**ਰੋਕ**
ਇਸ ‘ਚ ਸਮਰੱਥਾ ਹੋਣੀ ਚਾਹੀਦੀ ਹੈ ਕਿ ਮਾੜੀਆਂ ਹਾਲਤਾਂ ‘ਚ ਵੀ ਇਹ ਤੇਲ ਦੇ ਸੰਚਾਰ ‘ਚ ਘੱਟ ਤੋਂ ਘੱਟ ਰੁਕਾਵਟ ਪਾਵੇ



# LUBER-FINER® ਫੁੱਲ ਫਲੋਅ ਆਇਲ ਫਿਲਟਰਜ਼

## ਇਹ ਇੰਡਸਟਰੀ ‘ਚ ਚੋਟੀ ਦੀ ਨਿਪੁੰਨਤਾ, ਸ਼ਕਤੀ ਅਤੇ ਪਾਬੰਦੀ ਲਈ ਬਣੇ ਹਨ –ਡ੍ਰਾਈਵ ਭਾਵੇਂ ਕਿਸੇ ਤਰ੍ਹਾਂ ਦੀ ਵੀ ਹੋਵੇ




## ਬਹੁਤ ਵਧੀਆ ਨਿਪੁੰਨਤਾ

ਕਿਸੇ ਫਿਲਟਰ ਦੀ ਨਿਪੁੰਨਤਾ ਦੀ ਦਰ ਹੀ ਇਹ ਨਿਰਧਾਰਤ ਕਰਦੀ ਹੈ ਕਿ ਇਹ ਤੁਹਾਡੇ ਇੰਜਣ ਨੂੰ ਬਾਹਰਲੀਆਂ ਚੀਜ਼ਾਂ ਤੋਂ ਹੋਣ ਵਾਲੇ ਨੁਕਸਾਨ ਤੋਂ ਕਿਵੇਂ ਚੰਗੀ ਤਰ੍ਹਾਂ ਬਚਾਇਆ ਜਾ ਸਕਦਾ ਹੈ। ਜਿੰਨੀ ਜ਼ਿਆਦਾ ਕਿਸੇ ਫਿਲਟਰ ਮੀਡੀਆ ਦੀ ਨਿਪੁੰਨਤਾ ਦਰ ਹੋਵੇਗੀ, ਇਹ ਸਾਬਿਤ ਹੈ ਕਿ ਉੱਨਾ ਹੀ ਉਹ ਵੱਧ ਬਾਹਰੀ ਕਣਾਂ ਨੂੰ ਵਹੀਕਲ ਦੇ ਲੁਬਰੀਕੇਟਿੰਗ ਸਿਸਟਮਾਂ ‘ਚ ਜਾਣ ਤੋਂ ਰੋਕੇਗਾ।

ਇਹ ਸਿੱਧ ਹੋ ਚੁੱਕਾ ਹੈ ਕਿ ਲੂਬਰ-ਫਾਈਨਰ ਫਿਲਟਰਜ਼ 5 ਮਾਈਕਰੋਨਜ਼ ਜਾਂ ਇਸ ਤੋਂ ਵੱਡੇ ਕਣਾਂ ਨੂੰ ਹੋਰ ਮੁਕਾਬਲੇ ਦੇ ਫਿਲਟਰਾਂ ਨਾਲੋਂ ਜ਼ਿਆਦਾ ਵਧੀਆ ਢੰਗ ਨਾਲ਼ ਰੋਕ ਸਕਦਾ ਹੈ।

### LFP9001XL ਅਤੇ LFP9001 ਦੀ ਸਮਰੱਥਾ ਮੁਕਾਬਲੇ ਦੇ ਫਿਲਟਰਾਂ ਨਾਲ




## LFP9001XL ਅਤੇ LFP9001

# 100%*

## ਵਧੇਰੇ ਸਮਰੱਥ ਹੈ

5 ਮਾਈਕਰੋਨਜ਼ ਕਣਾਂ ਨੂੰ ਬਹੁਤ ਵਧੀਆ ਢੰਗ ਨਾਲ਼ ਰੋਕਣ ਲਈ ਹੋਰ ਫਿਲਟਰਾਂ ਦੇ ਮੁਕਾਬਲੇ ਵਿੱਚ

* As calculated from ISO4548-12 in-house testing vs. competitive filters

# ਵੱਡੀ ਸਮਰੱਥਾ

ਸਾਰੇ ਫਿਲਟਰ ਇਸ ਤਰ੍ਹਾਂ ਦੇ ਨਹੀਂ ਬਣਾਏ ਹੁੰਦੇ ਜਿਹੜੇ ਪ੍ਰਭਾਵੀ ਢੰਗ ਨਾਲ਼ ਇੱਕੋ ਜਿਹੀ ਮਾਤਰਾ ‘ਚ ਕਣਾਂ ਨੂੰ ਕਾਬੂ ਕਰ ਸਕਣ। ਜਦੋਂ ਵੀ ਕਿਸੇ ਫਿਲਟਰ ਦਾ ਮੀਡੀਆ ਆਪਣੀ ਸਮਰੱਥਾ ਤੱਕ ਚਲੇ ਜਾਂਦਾ ਹੈ ਤਾਂ ਉਸ ਸਮੇਂ ਹੀ ਫਿਲਟਰ ਦੀ ਇੰਜਣ ਨੂੰ ਬਚਾਉਣ ਦੀ ਸਮਰੱਥਾ ਖਤਰੇ ‘ਚ ਚਲੇ ਜਾਂਦੀ ਹੈ।

ਫਿਲਟਰ ਦੀ ਸਮਰੱਥਾ ਹੱਦ ‘ਤੇ ਪਹੁੰਚਣ ਨਾਲ਼ ਫਿਲਟ੍ਰੇਸ਼ਨ ਦੇ ਦੋ ਮਸਲੇ ਖੜ੍ਹੇ ਹੋ ਸਕਦੇ ਹਨ:

- ਇੱਕ ਇਸ ਤਰ੍ਹਾਂ ਦਾ ਆਇਲ ਸਿਸਟਮ ਬਣ ਜਾਂਦਾ ਹੈ ਜਿਸ ‘ਚ ਇੰਜਣ ਦੇ ਖਾਸ ਹਿੱਸਿਆਂ ਨੂੰ ਤੇਲ ਦਾ ਵਹਾਅ ਘਟ ਜਾਂਦਾ ਹੈ।
- ਇੰਜਣ ਦੇ ਖਾਸ ਹਿੱਸਿਆਂ ‘ਚ ਘਸਾਉਣ ਵਾਲਾ ਪਦਾਰਥ ਸਹਿਜੇ ਹੀ ਪਹੁੰਚ ਜਾਂਦਾ ਹੈ।

Luber-finer® ਦੇ ਫੁੱਲ ਫਲੋਅ ਆਇਲ ਫਿਲਟਰ ਇੰਡਸਟਰੀ ‘ਚ ਸਭ ਤੋਂ ਵੱਧ ਸਮਰੱਥਾ ਵਾਲ਼ੇ ਹਨ। ਇੱਥੋਂ ਤੱਕ ਕਿ ਸਾਡੇ ਸਟੈਂਡਰਡ ਫੁੱਲ ਫਲੋਅ ਆਇਲ਼ ਫਿਲਟਰ ਵੀ ਆਪਣੇ ਮੁਕਾਬਲੇ ਵਾਲ਼ੇ ਦੂਜੇ ਫਿਲਟਰਾਂ ਨਾਲੋਂ ਕਿਤੇ ਵੱਧ ਸਮਰੱਥਾ ਵਾਲ਼ੇ ਹਨ।

## LFP9001XL ਦੀ ਸਮਰੱਥਾ ਦੀ ਤੁਲਨਾ ‘ਚ ਮੁਕਾਬਲਾ


LFP9001XL ਤੁਹਾਨੂੰ ਦਿੰਦਾ ਹੈ

**45%* ਜ਼ਿਆਦਾ ਸਮਰੱਥਾ ਦੂਜੇ ਬਦਲਾਂ ਨਾਲ਼ੋਂ**

| | LFP9001XL | LFP9001 | Competitor B | Competitor F |
|---|---|---|---|---|
| **Capacity (g)** | 88.77 | 76.30 | 81.70 | 60.92 |

*Competitor B, Competitor F and LFP9001XL were tested (capacity numbers are averages)*

** As calculated from ISO4548-12 in-house testing vs. competitive filters*





# ਤੇਲ ਦੀ ਘੱਟ ਰੋਕ

ਕਿਸੇ ਫਿਲਟਰ ਜਾਂ ਹੈਵੀ ਡਿਊਟੀ ਵਹੀਕਲ ਦਾ ਸਹੀ ਟੈਸਟ ਇਹ ਹੁੰਦਾ ਹੈ ਕਿ ਉਹ ਭੈੜੀਆਂ ਹਾਲਤਾਂ ‘ਚ ਵੀ ਚੱਲਣ ਦੀ ਸਮਰੱਥਾ ਰੱਖਦਾ ਹੋਵੇ। Luber-finer® ਫੁੱਲ ਫਲੋਅ ਫਿਲਟਰ ਖ਼ਾਸ ਤੌਰ ‘ਤੇ ਇਸ ਤਰ੍ਹਾਂ ਦੀ ਕਾਰੀਗਰੀ ਨਾਲ਼ ਬਣਾਏ ਗਏ ਹਨ ਕਿ ਉਹ ਬਹੁਤ ਠੰਢ ਵਾਲ਼ੇ ਮੌਸਮ ‘ਚ ਜਾਂ ਜਦੋਂ ਆਇਲ ਜ਼ਿਆਦਾ ਲੰਬਾ ਚੱਲਣ ਕਾਰਨ ਚਿਪਚਿਪਾ ਹੋ ਗਿਆ ਹੋਵੇ, ਵਰਗੇ ਹਾਲਾਤ ‘ਚ ਵੀ ਬਹੁਤ ਵਧੀਆ ਚੱਲਦੇ ਰਹਿਣ।

ਮੁਕਾਬਲੇ ਵਾਲ਼ੇ ਬਹੁਤ ਸਾਰੇ ਫਿਲਟਰ ਮੀਡੀਆ ਤਕਨੀਕ ‘ਤੇ ਚੱਲਦੇ ਹਨ ਜਿਹੜੀ ਆਇਲ ਦੇ ਫਲੋਅ ਨੂੰ ਹੱਦ ‘ਚ ਰੱਖਦੀ ਹੈ। ਪਰ Luber-finer® ਦੇ ਫੁੱਲ ਫ਼ਲੋਅ ਹੋਣ ਕਾਰਨ ਭੈੜੀਆਂ ਹਾਲਤਾਂ ‘ਚ ਵੀ ਇਹ ਤੇਲ਼ ਦੇ ਵਹਾਅ ‘ਚ ਘੱਟ ਤੋਂ ਘੱਟ ਰੋਕ ਬਣਦਾ ਹੈ– ਜਾਣੀ ਕਿ ਬਿਨਾ ਕਿਸੇ ਨੁਕਸਾਨ ਦੇ ਸਿਰੇ ਦੀ ਨਿਪੁੰਨਤਾ।

## ਕੋਲਡ ਸਟਾਰਟ ਕੰਡੀਸ਼ਨਾਂ ‘ਚ ਫਲੋ ਰੇਟਸ ਅਤੇ ਰੁਕਾਵਟਾਂ




- *Using oil at 650 cSt viscosity*
- *Equates to 15w40 oil at 15 deg C*

**The LFP9001XL & LFP9001 ਨੇ ਭੈੜੀਆਂ ਹਾਲਤਾਂ ‘ਚ ਵੀ ਹੋਰਾਂ ਨਾ਼ਲੋਂ 8% ਘੱਟ ਤੇਲ ਦੀ ਰੁਕਾਵਟ ਦਾ ਪ੍ਰਦਰਸ਼ਨ ਕੀਤਾ ਹੈ।**

**At 25 gallons per minute flow rate using ISO4548-1 in-house testing vs. competitive filters*

# LUBER-FINER® ਲਿਊਬ / ਆਇਲ ਫ਼ਿਲਟਰ

# ਕਮਿਨਜ਼® ਇੰਜਣਾਂ ਲਈ

*Cummins® is a trademark of Cummins® Inc.*




## LFP9001

ਆਇਲ ਹੈਵੀ ਡਿਊਟੀ ਇੰਜਣਾਂ ਦੀ ਜੀਵਨ ਰੇਖਾ ਹੈ। LUBER-FINER® ਹਾਈ ਐਫੀਸ਼ੈਂਸੀ ਆਇਲ ਫਿਲਟਰ ਤੇਲ 'ਚ ਰਲ਼ਣ ਵਾਲ਼ੇ ਦੂਸ਼ਿਤ ਪਦਾਰਥਾਂ ਤੋਂ ਬਚਾ ਕੇ ਬਹੁਤ ਸਿਰੇ ਦੀ ਕਾਰਗੁਜ਼ਾਰੀ ਵਿਖਾਉਣ 'ਚ ਮਦਦ ਕਰਦਾ ਹੈ। ਜੇ ਤੇਲ ਵਧੀਆ ਛਣ ਕੇ ਲੰਘਿਆ ਹੋਵੇ ਤਾਂ ਇਸ ਨਾਲ਼ ਘਸਾਈ ਵੀ ਘਟਦੀ ਹੈ, ਸਿਸਟਮ ਦੇ ਘੱਟ ਕੰਮ ਕਰਨ ਦੀ ਪ੍ਰਕਿਰਿਆ ਵੀ ਘਟਦੀ ਹੈ ਅਤੇ ਇਸ ਦੇ ਨਾਲ਼ ਕਲ ਪੁਰਜ਼ੇ ਵੀ ਵਧੀਆ ਕਾਰਗੁਜ਼ਾਰੀ ਵਿਖਾਉਂਦੇ ਹਨ। ਸਾਡੇ ਫਿਲਟਰ ਮਿਆਦ, ਸਮਰੱਥਾ ਅਤੇ ਕਚਰਾ ਵੱਖ ਕਰਨ 'ਚ OEM ਦੀਆਂ ਸ਼ਰਤਾਂ ਦੇ ਬਰਾਬਰ ਜਾਂ ਇਸ ਤੋਂ ਵੀ ਵਧੀਆ ਕਾਰਗੁਜ਼ਾਰੀ ਵਿਖਾਉਂਦੇ ਹਨ।

**99%***

**ਨਿਪੁੰਨਤਾ**

25 ਮਾਈਕਰੋਨਜ਼ ISO-4548-12 'ਤੇ ਅਧਾਰਿਤ



## LFP9001XL

XL (Extended Life) 'ਚ 100% ਸਿੰਥੈਟਿਕ ਫਿਲਟਰ ਮੀਡੀਆ ਹੈ ਜਿਸ ਕਾਰਨ ਆਇਲ ਬਹੁਤ ਸਹਿਜ ਅਤੇ ਅਰਾਮ ਨਾਲ਼ ਜਾਂਦਾ ਹੈ ਅਤੇ ਇਸ ਦੇ ਨਾਲ਼ ਹੀ ਲੰਬੇ ਸਮੇਂ ਤੱਕ ਵਧੀਆ ਫਿਲਟਰ ਕਰਨ 'ਚ ਵੀ ਸਹਾਇਤਾ ਮਿਲਦੀ ਹੈ। ਜਦੋਂ ਇਸ ਦਾ ਸੁਮੇਲ ਰੈਗੂਲਰ ਆਇਲ ਟੈਸਟਿੰਗ ਨਾਲ਼ ਕੀਤਾ ਜਾਂਦਾ ਹੈ ਤਾਂ XL ਫਿਲਟਰਾਂ ਨਾਲ਼ ਫਿਲਟਰ ਦੀ ਤਬਦੀਲੀ ਦਾ ਸਮਾਂ ਵਧਾਇਆ ਜਾ ਸਕਦਾ ਹੈ। ਇਸ ਤਰ੍ਹਾਂ ਕੁੱਲ ਸਰਵਿਸ ਅਤੇ ਫਿਲਟਰ ਉੱਤੇ ਖਰਚੇ ਦੀ ਬੱਚਤ ਹੋ ਸਕਦੀ ਹੈ।

Extended Life (XL) ਫਿਲਟਰਜ਼

**45%***

**ਵਾਧੂ ਸਮਰੱਥਾ ਦੇਣ ਦੇ ਯੋਗ ਹੈ**

ਸਟੈਂਡਰਡ ਫਿਲਟਰਾਂ ਦੇ ਮੁਕਾਬਲੇ ਦੀ ਤੁਲਨਾ ਵਿੱਚ



## LFP9001TRT

The Luber-finer® TRT™, ਜਾਂ ਟਾਈਮ ਰਲੀਜ਼ ਟੈਕਨਾਲੋਜੀ ਫਿਲਟਰ ਇੰਜਣ ਆਇਲ 'ਚ ਨਿਯਮਤ ਤੇ ਬਹੁਤ ਟਿਕਾਊ ਤਰਲ ਮਿਸ਼ਰਣ ਰਿਲੀਜ਼ ਕਰਦਾ ਹੈ। ਇਸ ਐਡਿਟਿਵ ਪੈਕੇਜ ਦੇ ਪੂਰੇ ਫਾਇਦੇ ਲੈਣ ਲਈ ਤਕਨੀਕ ਰਾਹੀਂ ਆਇਲ 'ਚ ਬਹੁਤ ਸਿੱਕੇਦਾਰ ਮਿਸ਼ਰਣ ਪਾਇਆ ਜਾਂਦਾ ਹੈ। ਇਸ ਨਾਲ਼ ਬਹੁਤ ਸਫਰ ਕਰਨ ਕਰਕੇ ਪੈਦਾ ਹੋਏ ਹਾਨੀਕਾਰਕ ਐਸਿਡਾਂ ਦਾ ਮੁਕਾਬਲਾ ਕਰਕੇ ਉਨ੍ਹਾਂ ਨੂੰ ਖਤਮ ਕਰਣ ਵਿੱਚ ਮਦਦ ਕਰਦਾ ਹੈ।


ਆਇਲ ਦੇ ਵਹਾਅ ਦੀ ਇਕਸਾਰਤਾ

**40,000**

**ਤੋ ਵੀ ਵਧੇਰੇ ਮੀਲਾਂ ਤੱਕ**

ਇਹ ਦੋ ਮਿਲੀਅਨ ਮੀਲ ਫਲੀਟ ਫੀਲਡ 'ਤੇ ਕੀਤਾ ਗਿਆ ਅਧਿਅਨ ਹੈ

** As calculated from ISO4548-12 in-house testing vs. competitive filters*



Luber-finer® ਵੱਲੋਂ ਬਹੁਤ ਸਾਰੇ ਮਸ਼ਹੂਰ ਕੰਪਨੀਆਂ ਦੇ ਬਣੇ ਹੋਏ ਇੰਜਣਾਂ ਲਈ ਵਧੀਆ ਤੇ ਕੁਸ਼ਲ ਲਿਊਬ/ ਆਇਲ ਫਿਲਟਰੇਸ਼ਨ ਦੇ ਹੱਲ ਵੀ ਪੇਸ਼ ਕੀਤੇ ਜਾਂਦੇ ਹਨ

**ਅੱਜ ਹੀ LUBER-FINER.COM 'ਤੇ ਜਾਓ ਅਤੇ ਆਪਣੇ ਇੰਜਣਾਂ ਲਈ ਵੱਖ ਵੱਖ ਆਪਸ਼ਨ ਜਾਨਣ ਲਈ ਸਾਡੀ ਇੰਟਰਐਕਟਿਵ ਫਿਲਟਰ ਰੈਫਰੈਂਸ ਗਾਈਡ ਦੀ ਵਰਤੋਂ ਕਰੋ**

# LUBER-FINER® ਫੁੱਲ ਫਲੋਅ ਆਇਲ ਫਿਲਟਰ

# ਬਣੇ ਹਨ

## ਤੁਹਾਡੇ ਇੰਜਣ ਬਣਾਉਣ ਵਾਲ਼ਿਆਂ ਦੀ ਵਾਰੰਟੀ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ...




# ਜੋ ਕਿ ਇਹ ਦੇ ਰਹੇ ਹਨ...

## ਵਧੇਰੇ ਕਾਰਜ ਕੁਸ਼ਲਤਾ

**100%***

**ਜ਼ਿਆਦਾ ਕਾਰਜ ਕੁਸ਼ਲਤਾ**
5 ਮਾਈਕਰੋਨਜ਼ ਤੱਕ ਕਣਾਂ ਨੂੰ ਰੋਕਣ ਲਈ

## ਵਧੇਰੇ ਸਮਰੱਥਾ

**45%***

**ਵਧੇਰੇ ਸਮਰੱਥਾ**

## ਸੀਮਤ ਆਇਲ ਰਿਸਟ੍ਰਿਕਸ਼ਨ

**8%****

**ਘੱਟ ਤੇਲ ਦਾ ਵਹਾਅ**
ਭੈੜੇ ਹਾਲਾਤ 'ਚ ਵੀ

## ...ਮੁਕਾਬਲੇ ਦੇ ਇਹੋ ਜਿਹੇ ਫਿਲਟਰਾਂ ਨਾਲ਼ੋਂ

*The data above does not necessarily apply to the pictures shown*
**As calculated from ISO4548-12 in-house testing vs. competitive filters*
***At 25 gallons per minute flow rate using ISO4548-1 in-house testing vs. competitive filters*

# Luber-finer® ਵੱਲੋਂ ਵਧੀਆ ਸੇਵਾਵਾਂ ਦੇ ਕੇ ਤੁਹਾਡੇ ਸਾਰੇ ਸਮਾਨ ਨੂੰ ਸੁਰੱਖਿਅਤ ਰੱਖਣ ਲਈ ਪੂਰੀ ਭਰੋਸੇਯੋਗ ਸੇਵਾ ਹਾਜ਼ਰ ਹੈ।

ਤੁਰੰਤ Luber-finer® filters ਨਾਲ ਸੰਪਰਕ ਕਰੋ ਅਤੇ ਕੀਮਤਾਂ ਦੀ ਪੜਤਾਲ ਕਰਨ
ਲਈ ਸਾਡੀ ਵੈੱਬਸਾਈਟ ‘ਤੇ ਜਾਓ।

**http://www.Luber-finer.com**

## ਵਾਰੰਟੀ

**Luber-finer**® filters ਉਤਪਾਦਨ ਜੋ Champion Laboratories Inc., ਵੱਲੋਂ ਬਣਾਇਆ ਜਾਂ ਵੇਚਿਆ ਜਾਂਦਾ ਹੈ, ਦੀ ਇਸ ਦੇ ਮੁੱਢਲੇ ਖ਼੍ਰੀਦਾਰਾਂ ਨੂੰ ਅਸਲ ਨਿਰਧਾਰਿਤ ਸਮੇਂ ਦੇ ਦੋਰਾਨ ਸਮਾਨ ਵਿੱਚ ਕਿਸੇ ਨੁਕਸ ਨਾ ਹੋਣ ਦੀ ਵਾਰੰਟੀ ਹੈ ਅਤੇ Luber- finer ਹਾਰਡ ਪਾਰਟਸ ( ਫਿਲਟਰ ਐਂਡ ਹਾਰਡ ਪਾਰਟਸ ਜਿਨ੍ਹਾਂ ਦੋਵਾਂ ਨੂੰ “Products” ਵਜੋਂ ਦਰਸਾਇਆ ਗਿਆ ਹੈ), ਦੀ ਵਾਰੰਟੀ ਉਸ ਦੇ ਅਸਲੀ ਮਾਲਕ ਨੂੰ ਇਸ ਤਰ੍ਹਾਂ ਦਿੱਤੀ ਗਈ ਹੈ ਕਿ ਸਮਾਨ ਵਿੱਚ ਜਾਂ ਇਸ ਦੇ ਕੰਮ ਕਰਨ ‘ਚ ਕੋਈ ਨੁਕਸ ਨਹੀਂ ਹੋਵੇਗਾ ਅਤੇ ਇਹ ਵਾਰੰਟੀ 1 ਸਾਲ ਲਈ ਅਸਲ ਖਰੀਦ ਜਾਂ ਇੰਸਟਾਲ਼ੇਸ਼ਨ ਦੀ ਤਾਰੀਖ ਵਿਚੋਂ ਜੋ ਵੀ ਬਾਅਦ ਵਿੱਚ ਹੋਵੇਗੀ, ਉਹ ਮੰਨੀ ਜਾਵੇਗੀ। ਇਹ ਵਾਰੰਟੀ ਚੰਗੇ ਤਰੀਕੇ ਨਾਲ ਲ਼ਗਾਏ ਗਏ ਅਤੇ ਵਰਤੇ ਗਏ ਪ੍ਰੋਡਕਟਸ ਨੂੰ ਕਵਰ ਕਰਦੀ ਹੈ, ਇਹ ਲ਼ਗਾਈ ਉਸ ਤਰ੍ਹਾਂ ਕੀਤੀ ਹੋਣੀ ਚਾਹੀਦੀ ਹੈ ਜਿਵੇਂ ਉਸ ਸਮੇਂ Lube-finer product catalog ( Covered Products ) ਦੇ ਅਨੁਸਾਰ ਦਰਸਾਇਆ ਗਿਆ ਹੈ। ਇਸ ਵਾਰੰਟੀ ਅਧੀਨ ਉਹ ਕੋਈ ਵੀ ਸਮਾਨ ਨਹੀਂ ਆਉਂਦਾ, (ੳ) ਜਿਸ ‘ਚ ਦੁਰਵਰਤੋਂ ਕੀਤੀ ਗਈ ਹੋਵੇ, ਅਣਗਹਿਲੀ ਜਾਂ ਲਾਪਰਵਾਹੀ ਵਰਤੀ ਗਈ ਹੋਵੇ, ਐਕਸੀਡੈਂਟ ਹੋਇਆ ਹੋਵੇ ਜਾਂ ਟੁੱਟ ਭੱਜ ਕਰਕੇ ਨੁਕਸਾਨ ਹੋਇਆ ਹੋਵੇ। (ਅ) ਗਲਤ ਢੰਗ ਨਾਲ਼ ਫਿੱਟ ਕੀਤਾ ਗਿਆ ਹੋਵੇ। (ੲ) ਉਸ ਇੰਜਣ ‘ਚ ਲਾਇਆ ਗਿਆ ਹੋਵੇ ਜਿਸ ਦਾ ਕਿ **Luber-finer**® ਕੈਟਾਲੌਗ ‘ਚ ਵਰਨਣ ਨਾ ਕੀਤਾ ਗਿਆ ਹੋਵੇ। ਜਾਂ (ਹ) ਜਿਹੜਾ ਦੱਸੀ ਗਈ ਹੱਦ ਨਾਲ਼ੋਂ ਵੱਧ ਵਰਤੋਂ ‘ਚ ਰਿਹਾ ਹੋਵੇ।

ਕੋਈ ਵੀ ਕਵਰਡ ਪ੍ਰੋਡਕਟ, ਜੋ ਕਿ Champion Laboratories Inc. ਵੱਲੋਂ ਖਰਾਬ ਐਲਾਨਿਆ ਗਿਆ ਹੈ, ਉਸ ਨੂੰ ਬਿਨਾ ਕੀਮਤ ਬਦਲ ਦਿੱਤਾ ਜਾਵੇਗਾ। ਕਿਸੇ ਕਵਰਡ ਪ੍ਰੋਡਕਟ ਕਾਰਨ ਇੰਜਣ ਜਾਂ ਸਮਾਨ ਦੀ ਖਰਾਬੀ ਦੀ ਸੂਰਤ ‘ਚ Champion Laboratories Inc. ਇਨ੍ਹਾਂ ‘ਚੋਂ ਘੱਟ ਵਾਲ਼ੀ ਦੇਵੇਗਾ 1) ਇੰਜਣ ਜਾਂ ਸਮਾਨ ਨੂੰ ਉਸ ਹਾਲਤ ‘ਚ ਲਿਆਉਣਾ ਜਿਹੜੀ ਇਸ ਦੇ ਬੰਦ ਹੋਣ ਤੋਂ ਪਹਿਲਾਂ ਦੀ ਸੀ 2) ਆਮ ਮਾਰਕਿਟ ਦੀ ਕੀਮਤ ਅਨੁਸਾਰ ਨਕਦ ਅਦਾਇਗੀ। **ਕਾਨੂੰਨ ਅਨੁਸਾਰ ਜੋ ਵੱਧੋ ਵੱਧ ਮਿਲ ਸਕਦਾ ਹੈ Champion Laboratories Inc. ਇਨ੍ਹਾਂ ਸਾਰਿਆਂ ਸਬੰਧੀ ਇਨਕਾਰ ਕਰਦੀ ਹੈ ਅਤੇ ਨਾਲ਼ ਹੀ ਸਾਰੀਆਂ ਹਾਲਤਾਂ ਲਾਗੂ ਵਾਰੰਟੀਆਂ ਬਾਰੇ ਵੀ।** ਕਈ ਕਾਨੂੰਨੀ ਹੱਦ ਖੇਤਰ ਵੀ ਇਨ੍ਹਾਂ ਵਾਰੰਟੀਆਂ ਜਾਂ ਨੁਕਸਾਨਾਂ ਨੂੰ ਬਾਹਰ ਰੱਖਣ ਦੀ ਆਗਿਆ ਵੀ ਨਹੀਂ ਦਿੰਦੇ। ਇਸ ਲਈ ਇਹ ਡਿਸਕਲੇਮਰ ਤੁਹਾਡੇ ‘ਤੇ ਲਾਗੂ ਨਹੀਂ ਵੀ ਹੋ ਸਕਦਾ।

ਤੁਹਾਨੂੰ Champion Laboratories Inc. ਦੇ ਕਲੇਮ ਨਿਪਟਾਉਣ ਦੀ ਪ੍ਰਕਿਰਿਆ ‘ਚ ਤਾਲਮੇਲ ਰੱਖਣਾ ਜ਼ਰੂਰੀ ਹੈ। ਕਿਰਪਾ ਕਰਕੇ ਨੁਕਸਾਨ ਦਾ ਪਤਾ ਲੱਗਣ ਦੇ 30 ਦਿਨਾਂ ਦੇ ਅੰਦਰ ਅੰਦਰ ਆਪਣੇ ਕਲੇਮ Champion Laboratories Inc. ਨੂੰ ਭੇਜ ਦਿਓ। Champion Laboratories Inc. ਨੂੰ ਇਹ ਹੱਕ ਹੈ ਕਿ ਉਹ ਨੁਕਸਾਨ ਦਾ ਅੰਦਾਜ਼ਾ ਲਾਉਣ ਲਈ ਇੰਜਣ, ਸਮਾਨ ਅਤੇ ਫਿਲਟਰ ਦੀ ਜਾਂਚ ਕਰ ਸਕੇ। ਅਤੇ ਇਹ ਵੀ ਪਤਾ ਕਰ ਸਕੇ ਕਿ ਇਹ ਨੁਕਸਾਨ, ਕਿਸੇ ਖਰਾਬ ਸਮਾਨ, ਜੋ ਕਿ ਕਵਰਡ ਹੈ ਕਾਰਨ ਹੋਇਆ ਹੈ। ਇਸ ਲਈ ਕਲੇਮ ਕਰਨ ਵਾਲ਼ਿਆਂ ਨੂੰ ਇੰਜਣ ਜਾਂ ਸਮਾਨ ਤੇ ਫਿਲਟਰ ਜਾਂ ਦੋਵੇਂ ਜਾਂਚ ਸਮੇਂ ਅਧੀਨ ਸੰਭਾਲਣਾ ਚਾਹੀਦਾ ਹੈ।

ਜੇ ਅਮਰੀਕਾ ‘ਚ ਇਸ ਤਰ੍ਹਾਂ ਦਾ ਕਲੇਮ ਕਰਨਾ ਹੈ ਤਾਂ 800-882-0890 ਨੰਬਰ ‘ਤੇ ਫੋਨ ਕਰੋ। ਜਾਂ claims@champlabs.com ‘ਤੇ ਈਮੇਲ ਕਰੋ।
ਜੇ ਅਮਰੀਕਾ ਤੋਂ ਬਾਹਰ ਇਸ ਤਰ੍ਹਾਂ ਦਾ ਕਲੇਮ ਕਰਨਾ ਹੈ ਤਾਂ 419-661-6716 ਨੰਬਰ ‘ਤੇ ਫੋਨ ਕਰੋ। ਜਾਂ claims@champlabs.com ‘ਤੇ ਈਮੇਲ ਕਰੋ।

ਇਸ ਵਾਰੰਟੀ ਰਾਹੀਂ ਤੁਹਾਨੂੰ ਖਾਸ ਕਾਨੂੰਨੀ ਹੱਕ ਮਿਲਦੇ ਹਨ। ਤੁਹਾਡੇ ਹੋਰ ਵੀ ਹੱਕ ਹੋ ਸਕਦੇ ਹਨ ਜੋ ਕਿ ਵੱਖ ਵੱਖ ਸਥਾਨਾਂ ‘ਚ ਵੱਖਰੇ ਵੱਖਰੇ ਹਨ।

## ਵਹੀਕਲ ਬਣਾਉਣ ਵਾਲ਼ਿਆਂ ਦੀਆਂ ਵਾਰੰਟੀਆਂ

ਅਮਰੀਕਾ ‘ਚ:

**Luber-finer**® ਪ੍ਰੋਡਕਟਸ ਦੀ ਵਰਤੋਂ ਨਾਲ Original Equipment warranty ਖਤਮ ਨਹੀਂ ਹੋਵੇਗੀ। ਕਿਸੇ ਉਤਪਾਦਕ ਨੂੰ ਕਿਸੇ ਖਾਸ ਬ੍ਰਾਂਡ ਦੇ ਫਿਲਟਰ ਦੀ ਜ਼ਰੂਰਤ ਵੀ ਨਹੀਂ ਹੋ ਸਕਦੀ ਜੇ ਬਣਾਉਣ ਵਾਲ਼ਾ ਵਾਰੰਟੀ ਦੀਆਂ ਸ਼ਰਤਾਂ ਅਧੀਨ ਫਿਲਟਰ ਮੁਫਤ ਦਿੰਦਾ ਹੈ ਜਾਂ ਉਹ ਬਣਾਉਣ ਵਾਲ਼ਾ ਫੈਡਰਲ ਟਰੇਡ ਕਮਿਸ਼ਨ ਕੋਲ਼ ਇਹ ਸਾਬਤ ਕਰ ਦਿੰਦਾ ਹੈ ਕਿ ਉਸ ਦੀ ਬਣਾਈ ਹੋਈ ਚੀਜ਼ ਕਿਸੇ ਖਾਸ ਆਈਟਮ ਜਾਂ ਸਰਵਿਸ ਤੋਂ ਬਿਨਾ ਚੰਗੀ ਤਰ੍ਹਾਂ ਨਹੀਂ ਚੱਲ ਸਕਦੀ। ਪਰ ਅੱਜ ਤੱਕ ਫੈਡਰਲ ਟ੍ਰੇਡ ਕਮਿਸ਼ਨ ( ਐੱਫ ਟੀ ਸੀ) ਵੱਲੋਂ ਫਿਲਟਰਾਂ ਸਬੰਧੀ ਕੋਈ ਫੈਸਲਾ ਨਹੀਂ ਕੀਤਾ ਗਿਆ। ਜੇ ਕੋਈ ਉਤਪਾਦਕ ਇਹ ਦਾਅਵਾ ਕਰਦਾ ਹੈ ਕਿ **Luber-finer**® ਦੇ ਉਤਪਾਦ ਦੀ ਵਰਤੋਂ ਤੁਹਾਡੀ ਵਾਰੰਟੀ ਨੂੰ ਅਯੋਗ ਬਣਾਵੇਗੀ ਜਾਂ ਵਾਰੰਟੀ ਨੂੰ ਅਯੋਗ ਬਣਾ ਦਿੱਤਾ ਹੈ ਤਾਂ ਉਸ ਨੂੰ ਇਹ ਕਹੋ ਕਿ ਉਹ ਇਹ ਗੱਲ ਲਿਖ ਕੇ ਦੇਵੇ।

ਅਮਰੀਕਾ ਤੋਂ ਬਾਹਰ:

**Luber-finer**® ਦੀ ਵਾਰੰਟੀ ਸੰਸਾਰ ਪੱਧਰ ‘ਤੇ ਕਾਰਜਸ਼ੀਲ ਹੈ। ਆਪਣੇ ਅਸਲ ਸਮਾਨ ਦੀ ਵਾਰੰਟੀ ਵਾਚੋ ਜਿਸ ‘ਚ ਇਹ ਹੋਵੇਗਾ ਕਿ ਇਸ ਵਾਰੰਟੀ ਲਈ ਕਿਸੇ ਖਾਸ ਕਿਸਮ ਦੇ ਫਿਲਟਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਅਤੇ ਇਸ ਤਰ੍ਹਾਂ ਨਾ ਕਰਨ ਕਰਕੇ ਵਾਰੰਟੀ ਦਾ ਸਮਾਂ ਘਟਾਇਆ ਜਾ ਸਕਦਾ ਹੈ ਜਾਂ ਵਾਰੰਟੀ ਤੋਂ ਨਾਂਹ ਕੀਤੀ ਜਾ ਸਕਦੀ ਹੈ।

ਸਾਨੂੰ ਮਾਣ ਹੈ ਕਿ ਅਸੀਂ Luber-finer® Products ਦੇ ਵਿਕਰੇਤਾ ਹਾਂ

LUBERFINER®
BUILT TO DO MORE®

*Luber-finer®*
*Hotline: 800-882-0890 • www.Luber-finer.com*

© 2016, Champion Laboratories, Inc. An ISO14001 and ISO/TS16949 registered company. 200 S. 4th Street Albion, IL 62806-1313